17 ਮਈ, 2018

# ਗਰਮੀ ਨੇੜੇ ਹੈ ਅਤੇ ਤੁਹਾਡੇ ਸ਼ਹਿਰ ਵਿੱਚ ਇਸਦਾ ਅਨੰਦ ਮਾਣਨ ਦੇ ਕਈ ਤਰੀਕੇ ਹਨ

ਬ੍ਰੈਂਪਟਨ, ਓਨਟੈਰੀਓ – ਇਸ ਗਰਮੀ ਬ੍ਰੈਂਪਟਨ ਵਿੱਚ ਨਿਵਾਸੀਆਂ ਨੂੰ ਆਪਣੇ ਭਾਈਚਾਰੇ ਵਿੱਚ ਅਨੰਦ ਮਾਣਨ ਵਾਸਤੇ ਘਰੋਂ ਬਾਹਰ ਆਉਣ ਲਈ ਕਈ ਤਿਓਹਾਰਾਂ, ਮਾਰਕੀਟਾਂ, ਅਤੇ ਗਤੀਵਿਧੀਆਂ ਦੇ ਨਾਲ ਇੱਕ ਰੋਮਾਂਚਕ ਕਾਰਜਕਰਮ ਸੀਜਨ ਬਣਾਉਣ ਲਈ ਕਾਫੀ ਮਿਹਨਤ ਕੀਤੀ ਜਾ ਰਹੀ ਹੈ।

ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਸ਼ਨੀਵਾਰ, 9 ਜੂਨ ਨੂੰ ਸਵੇਰੇ 11 ਵਜੇ ਤੋਂ ਰਾਤ 9 ਵਜੇ ਤੱਕ ਸ਼ੁਰੂ ਹੋਣ ਵਾਲਾ ਪੂਰਾ ਕਾਰਜਕਰਮ ਸੈਲੀਬ੍ਰੈਂਪਟਨ (CeleBrampton) ਹੈ, ਜੋ ਕਿ ਓਨਟੈਰੀਓ ਵਿੱਚ ਦੋ ਵਾਰ ਦਾ ਟੌਪ 100 ਫੈਸਟੀਵਲ ਐਂਡ ਇਵੈਂਟ ਅਵਾਰਡ ਜੇਤੂ ਕਾਰਜਕਰਮ ਹੈ। ਇਹ ਇੱਕ ਦਿਨ ਦਾ ਸਾਲਾਨਾ ਭਾਈਚਾਰਕ ਜਸ਼ਨ ਬ੍ਰੈਂਪਟਨ ਦੇ ਖੁੱਲ੍ਹੇ, ਦੋਸਤਾਨਾ, ਵੰਨ-ਸੁਵੰਨੇ ਭਾਈਚਾਰੇ ਨੂੰ ਦਰਸਾਉਂਦਾ ਹੈ ਅਤੇ ਨਿਵਾਸੀਆਂ ਨੂੰ ਸਿਟੀ ਦੀਆਂ ਪਹਿਲਕਦਮੀਆਂ ਅਤੇ ਸੇਵਾਵਾਂ ਬਾਰੇ ਜਾਣਨ ਦਾ ਮੌਕਾ ਮੁਹੱਈਆ ਕਰਦਾ ਹੈ। ਇਹ ਪਰਿਵਾਰਕ ਅਨੰਦ ਅਤੇ ਕਈ ਤਰ੍ਹਾਂ ਦੇ ਸਥਾਨਕ ਮਨੋਰੰਜਨ ਦੇ ਨਾਲ ਸ਼ਹਿਰ ਦੇ ਸੱਭਿਆਚਾਰ, ਵਿਰਸੇ, ਕਲਾ, ਡਾਂਸ ਅਤੇ ਭੋਜਨ ਨੂੰ ਵੀ ਉਜਾਗਰ ਕਰਦਾ ਹੈ।

ਅਗਲੇ ਸ਼ਨੀਵਾਰ, 16 ਜੂਨ ਨੂੰ, ਬਹੁਤ ਜ਼ਿਆਦਾ ਉਡੀਕੀ ਜਾਣ ਵਾਲੀ ਡਾਉਨਟਾਉਨ ਬ੍ਰੈਂਪਟਨ ਫਾਰਮਰਸ ਮਾਰਕੀਟ (ਕਿਸਾਨਾਂ ਦੀ ਮੰਡੀ) ਮੇਨ ਸਟ੍ਰੀਟ 'ਤੇ ਸਵੇਰੇ 7 ਵਜੇ ਹੀ ਖੁੱਲ੍ਹ ਜਾਏਗੀ। ਮਾਰਕੀਟ ਜਾਣ ਵਾਲੇ ਲੋਕ ਕਿਸਾਨਾਂ, ਕਲਾਕਾਰਾਂ ਅਤੇ ਮਨੋਰੰਜਨ ਕਰਨ ਵਾਲਿਆਂ ਨੂੰ ਮਿਲਣ ਲਈ ਹਰੇਕ ਸ਼ਨੀਵਾਰ 1 ਵਜੇ ਤੱਕ ਜਾ ਸਕਦੇ ਹਨ ਅਤੇ ਖੇਤ ਦੇ ਤਾਜ਼ਾ ਅਤੇ ਸ਼ਿਲਪ ਸਬੰਧੀ ਉਤਪਾਦ ਖ਼ਰੀਦ ਸਕਦੇ ਹਨ।

ਉਸ ਦਿਨ ਬਾਅਦ ਵਿੱਚ, ਗਾਰਡਨ ਸਕਵੇਅਰ (Garden Square) ਵਿੱਚ ਸੈਟਰਡੇ ਨਾਈਟ ਮੂਵੀਜ (Saturday Night Movies) ਦੀ ਸ਼ੁਰੂਆਤ ਲਈ ਗਾਰਡਨ ਸਕਵੇਅਰ ਆਓ। ਆਪਣੇ ਨਾਲ ਕੁਰਸੀ ਲੈ ਕੇ ਆਓ ਅਤੇ ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਸ਼ੋਜ ਦਾ ਮਜ਼ਾ ਲਓ।

ਵੀਰਵਾਰ, 21 ਜੂਨ, ਮਾਊਂਟ ਪਲੈਜ਼ੈਂਟ ਵਿਲੇਜ ਮਾਰਕੀਟ ਦੀ ਵਾਪਸੀ ਦਾ ਸੰਕੇਤ ਦਿੰਦਾ ਹੈ। ਇਹ ਗਵਾਂਢ ਦੀ ਮਾਰਕੀਟ, ਜੋ ਕਿ ਵਿਲੇਜ ਦੇ ਕੇਂਦਰ ਵਿੱਚ ਹੈ, ਪਿਛਲੇ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵਿਕਸਿਤ ਹੋਈ ਹੈ। ਵਿਕਰੀ ਲਈ ਆਪਣੀਆਂ ਵਿਲੱਖਣ ਵਸਤਾਂ ਪੇਸ਼ ਕਰਨ ਵਾਲੇ ਕਿਸਾਨਾਂ ਅਤੇ ਵਿਕਰੇਤਾਵਾਂ ਦੇ ਨਾਲ, ਇਹ ਤੁਹਾਡੀਆਂ ਹਰੇਕ ਵੀਰਵਾਰ ਦੀਆਂ ਸ਼ਾਮਾਂ ਬਿਤਾਉਣ ਦਾ ਇੱਕ ਸ਼ਾਨਦਾਰ ਤਰੀਕਾ ਹੈ। ਮਾਰਕੀਟ ਥੈਂਕਸਗਿਵਿੰਗ (Thanksgiving) ਵੀਕੈਂਡ ਤੱਕ ਸ਼ਾਮ 4 ਵਜੇ ਤੋਂ 8 ਵਜੇ ਤੱਕ ਚੱਲਦੀ ਹੈ।

ਚਿੰਗਕੂਜ਼ੀ ਪਾਰਕ (Chinguacousy Park) ਵਿੱਚ ਕੈਨੇਡਾ ਡੇ (Canada Day) ਦੇ ਜਸ਼ਨਾਂ ਲਈ ਆਪਣੇ ਕੈਲੰਡਰ 'ਤੇ ਨਿਸ਼ਾਨ ਲਗਾਉਣਾ ਨਾ ਭੁੱਲੋ, ਜਦੋਂ ਅਸੀਂ ਸਾਡੇ ਰਾਸ਼ਟਰ ਦਾ ਜਸ਼ਨ ਮਨਾਉਣ ਲਈ 1 ਜੁਲਾਈ ਨੂੰ ਇੱਕ ਭਾਈਚਾਰੇ ਦੇ ਤੌਰ 'ਤੇ ਇਕੱਠੇ ਹੁੰਦੇ ਹਾਂ। ਪਾਰਕ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਦੇ ਨਾਲ-ਨਾਲ ਇੱਕ ਭਾਈਚਾਰਕ ਕਲਾ ਸਬੰਧੀ ਸਕਿਰਿਆਕਰਨ, ਕਈ ਤਰ੍ਹਾਂ ਦੇ ਭੋਜਨ ਵਿਕਲਪ, ਸ਼ਾਨਦਾਰ ਸੰਗੀਤਮਈ ਮਨੋਰੰਜਨ ਅਤੇ ਨਾਲ ਹੀ ਰਾਤ ਨੂੰ 10 ਵਜੇ ਪਟਾਕਿਆਂ ਦਾ ਅਨੰਦ ਜ਼ਰੂਰ ਮਾਣੋ।

2 ਜੁਲਾਈ ਤੋਂ ਸ਼ੁਰੂ, ਗਰਮੀ ਦੇ ਉਸ ਦਿਲਕਸ਼ ਵਾਤਾਵਰਨ ਦਾ ਮਜ਼ਾ ਲੈਣ ਲਈ ਹਫ਼ਤੇ ਦੇ ਕਿਸੇ ਵੀ ਦਿਨ ਗਾਰਡਨ ਸਕਵੇਅਰ (Garden Square) ਵਿਖੇ ਜਾਓ। ਗਾਰਡਨ ਸਕਵੇਅਰ ਦੀਆਂ ਗਤੀਵਿਧੀਆਂ ਵਿੱਚ ਸਾਡਾ ਸਭ ਤੋਂ ਪਹਿਲਾ ਪ੍ਰਾਈਡ (Pride) ਜਸ਼ਨ, ਮਨਪਸੰਦ ਈਸਟ ਕੋਸਟ ਕਿਚਨ ਪਾਰਟੀ (East

Coast Kitchen Party) ਅਤੇ ਪ੍ਰਸਿੱਧ ਸਟੌਂਪ 'N' ਸਟੈਮਪੀਡ (Stomp 'N' Stampede) ਸ਼ਾਮਲ ਹੋਵੇਗਾ। ਹਫ਼ਤਾਵਾਰੀ ਪੇਸ਼ਕਸ਼ਾਂ ਵਿੱਚ ਸ਼ਾਮਲ ਹੋਣਗੇ YouTube (ਯੂਟਿਊਬ) ਸਨਸਨੀਆਂ, ਉੱਭਰਦੀ ਸਥਾਨਕ ਪ੍ਰਤਿਭਾ ਅਤੇ ਬਾਲੀਵੁੱਡ ਫਿਲਮ ਨਾਈਟ।

ਦ ਰੋਜ਼ (The Rose) ਸਮਰ ਥਿਏਟਰ ਸੀਰੀਜ਼ ਦੇ ਨਾਲ ਇੱਕ ਭਰਪੂਰ ਵਿਵਿਧ 2018 – 2019 ਸੀਜਨ ਸ਼ੁਰੂ ਹੁੰਦਾ ਹੈ, ਜੋ 24 ਜੁਲਾਈ –7 ਸਤੰਬਰ ਤੱਕ ਚੱਲੇਗਾ। 4 ਅਗਸਤ ਨੂੰ ਫਲਾਵਰ ਸਿਟੀ ਭੰਗੜਾ (Flower City Bhangra) ਦੇ ਨਾਲ ਭਾਈਵਾਲੀ ਵਿੱਚ, ਉੱਤਰੀ ਅਮਰੀਕਨ (North American) ਦੇ ਸਭ ਤੋਂ ਵੱਡੇ ਭੰਗੜਾ ਮੁਕਾਬਲੇ ਦਾ ਅਨੰਦ ਮਾਣੋ, ਅਤੇ ਸਤੰਬਰ ਦੇ ਸ਼ੁਰੂ ਵਿੱਚ ਵਰਲਡ ਆਫ ਜੈਜ਼ ਫੈਸਟੀਵਲ (World of Jazz Festival) ਦਾ ਮਜ਼ਾ ਲਓ, ਜੋ ਕਿ ਇੱਥੇ ਹੀ ਸਥਾਨਕ ਸੰਗਠਨ ਬੀ-ਜੈਜ਼ਡ (B-Jazzed) ਦੇ ਨਾਲ ਭਾਈਵਾਲੀ ਵਿੱਚ ਡਾਊਨਟਾਊਨ ਬ੍ਰੈਂਪਟਨ ਵਿੱਚ ਪੇਸ਼ ਕੀਤਾ ਜਾਂਦਾ ਹੈ।

ਇਹ ਅਤੇ ਕਈ ਹੋਰ ਕਾਰਜਕਰਮ ਅਤੇ ਗਤੀਵਿਧੀਆਂ ਸਿਟੀ ਆਫ ਬ੍ਰੈਂਪਟਨ ਦੀ 2018 Visitor Guide (2018 ਵਿਜੀਟਰ ਗਾਈਡ) 'ਤੇ ਜਾਂ www.brampton.ca/events 'ਤੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

**ਹਵਾਲਾ**

"ਗਰਮੀ ਉਹ ਦੂਜਾ ਸਮਾਂ ਹੈ, ਜਦੋਂ ਸਾਡਾ ਭਾਈਚਾਰਾ ਸੁੰਦਰ ਸ਼ਹਿਰ, ਜਿਸਨੂੰ ਅਸੀਂ ਘਰ ਕਹਿੰਦੇ ਹਾਂ, ਨੂੰ ਦੇਖਣ ਲਈ ਇਕੱਠਾ ਆਉਂਦਾ ਹੈ, ਮੁਫ਼ਤ, ਮਜ਼ੇਦਾਰ ਗਤੀਵਿਧੀਆਂ ਦਾ ਅਨੰਦ ਮਾਣਦਾ ਹੈ ਅਤੇ ਸਾਥੀ ਬ੍ਰੈਂਪਟਨ ਵਾਸੀਆਂ ਨਾਲ ਜੁੜਦਾ ਹੈ। ਅਸੀਂ ਇਸ ਗਰਮੀ ਬ੍ਰੈਂਪਟਨ ਵਿੱਚ ਕਈ ਤਿਓਹਾਰਾਂ, ਮਾਰਕੀਟਾਂ ਅਤੇ ਜਸ਼ਨਾਂ ਵਿੱਚ ਤੁਹਾਨੂੰ ਮਿਲਣ ਦੀ ਆਸ ਕਰਦੇ ਹਾਂ।"

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।